BRAMPTON Flower City brampton.ca

media release

16 ਅਕਤੂਬਰ, 2018

## ਬ੍ਰੈਂਪਟਨ ਨੇ ਮਨਪਰਚਾਵੇ ਸਬੰਧੀ ਭੰਗ ਨੂੰ ਕਨੂੰਨੀ ਬਣਾਉਣ ਦੀ ਤਿਆਰੀ ਵਿੱਚ ਸੁਰੱਖਿਆ ਨੂੰ ਤਰਜੀਹ ਦੇ ਤੌਰ 'ਤੇ ਉਜਾਗਰ ਕੀਤਾ

ਬ੍ਰੈਂਪਟਨ, ਓਨਟੈਰੀਓ –17 ਅਕਤੂਬਰ, 2018 ਨੂੰ ਮਨਪਰਚਾਵੇ (ਰੇਕ੍ਰੀਏਸ਼ਨ) ਸਬੰਧੀ ਭੰਗ ਨੂੰ ਕਨੂੰਨੀ ਬਣਾਉਣ ਤੋਂ ਪਹਿਲਾਂ, ਸਿਟੀ ਆਫ ਬ੍ਰੈਂਪਟਨ (City of Brampton) ਨਿਵਾਸੀਆਂ ਨੂੰ ਮਨਪਰਚਾਵੇ ਦੇ ਤੌਰ 'ਤੇ ਭੰਗ ਦਾ ਸੇਵਨ ਕਰਨ ਜਾਂ ਇਸਨੂੰ ਰੱਖਣ ਤੋਂ ਪਹਿਲਾਂ ਸੁਰੱਖਿਆ ਨੂੰ ਤਰਜੀਹ ਦੇਣ ਦੀ ਬੇਨਤੀ ਕਰ ਰਹੀ ਹੈ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services) ਦਾ ਡੇਟਾ ਦਰਸਾਉਂਦਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਘਰਾਂ ਵਿੱਚ ਹੋਣ ਵਾਲੀਆਂ ਅੱਗ ਦੀਆਂ ਘਾਤਕ ਘਟਨਾਵਾਂ ਵਿੱਚੋਂ 31 ਪ੍ਰਤੀਸ਼ਤ ਤੰਮਾਕੂਨੋਸ਼ੀ ਦੀ ਸਮੱਗਰੀ ਦਾ ਗ਼ਲਤ ਢੰਗ ਨਾਲ ਨਿਪਟਾਰਾ ਕਰਨ ਨਾਲ ਹੋਈਆਂ ਸਨ। ਭੰਗ ਪੀਣ ਦਾ ਵਿਧਾਨ ਤੰਮਾਕੂ ਦੇ ਵਿਧਾਨ ਵਾਂਗ ਹੀ ਬਣਾਇਆ ਜਾਏਗਾ, ਅਤੇ ਭੰਗ ਦਾ ਸੇਵਨ ਕਰਨ ਵਾਲਿਆਂ ਨੂੰ ਖੁਦ ਦੀ, ਆਪਣੇ ਪਰਿਵਾਰਾਂ ਦੀ, ਨਾਬਾਲਗਾਂ ਦੀ, ਪਾਲਤੂ ਜਾਨਵਰਾਂ ਦੀ, ਅਤੇ ਪ੍ਰਾਪਰਟੀ ਦੀ ਰੱਖਿਆ ਕਰਨ ਵਾਸਤੇ ਸੁਰੱਖਿਅਤ ਸੇਵਨ ਲਈ ਜ਼ਿੰਮੇਵਾਰ ਬਣਨ ਦੀ ਲੋੜ ਹੈ।

**ਅੱਗ ਤੋਂ ਸੁਰੱਖਿਆ**

ਭੰਗ ਦਾ ਸੇਵਨ ਕਰਨ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਸ਼ੇ ਵਿੱਚ ਹੋਣ ਵੇਲੇ ਭੋਜਨ ਨਾ ਪਕਾਉਣ। ਨਿਵਾਸੀਆਂ ਨੂੰ ਇਹ ਵੀ ਯਾਦ ਦਵਾਇਆ ਜਾਂਦਾ ਹੈ ਕਿ ਉਹ ਪ੍ਰਤੀ ਪਰਿਵਾਰ ਚਾਰ ਭੰਗ ਦੇ ਪੌਦਿਆਂ ਦੀ ਕਨੂੰਨੀ ਸੀਮਾ ਤੋਂ ਵੱਧ ਪੌਦੇ ਨਾ ਉਗਾਉਣ, ਅਤੇ ਆਪਣੀ ਬਿਜਲੀ ਦੀ ਪ੍ਰਣਾਲੀ ਵਿੱਚ ਕੋਈ ਸੋਧ ਨਾ ਕਰਨ ਜਾਂ ਉੱਚ ਤਾਪ ਦੇ ਲੈਂਪ ਨਾ ਵਰਤਣ ਕਿਉਂਕਿ ਇਹ ਅੱਗ ਦਾ ਗੰਭੀਰ ਜੋਖਮ ਪੈਦਾ ਕਰਦੇ ਹਨ।

**ਭੰਗ ਕਿੱਥੇ ਵਰਜਤ ਹੈ**

ਭੰਗ ਪੀਣਾ ਉਹਨਾਂ ਥਾਵਾਂ 'ਤੇ ਵਰਜਤ ਹੈ, ਜਿਹਨਾਂ ਥਾਵਾਂ 'ਤੇ ਤੰਮਾਕੂ ਵਾਲੇ ਪਦਾਰਥ ਪੀਣਾ ਵਰਜਤ ਹੈ, ਜਿਵੇਂ ਬੰਦ ਜਨਤਕ ਥਾਵਾਂ/ਕਾਰਜਸਥਾਨ, ਬੱਚਿਆਂ ਦੇ ਖੇਡ ਦੇ ਮੈਦਾਨਾਂ ਅਤੇ ਪਾਰਕਾਂ ਦੇ ਅੰਦਰ ਖੇਡਣ ਵਾਲੇ ਖੇਤਰਾਂ ਦੇ 20 ਮੀਟਰ ਦੇ ਅੰਦਰ, ਜਨਤਕ ਖੇਡਾਂ ਵਾਲੇ (ਸਪੋਰਟਿੰਗ) ਖੇਤਰਾਂ (ਜਿਵੇਂ ਸਪਲੈਸ਼ ਪੈਡਸ, ਸੌਕਰ ਦੇ ਮੈਦਾਨ) ਅਤੇ ਸਾਰੀਆਂ ਸ਼ਰਾਬ ਦੀਆਂ ਦੁਕਾਨਾਂ (ਬਾਰਸ) ਅਤੇ ਰੈਸਟੋਰੈਂਟ ਦੇ ਬਾਹਰਲੇ ਖੇਤਰ (ਵਿਹੜੇ)। ਸਥਾਨਾਂ ਦੀ ਪੂਰੀ ਸੂਚੀ ਲਈ, ਸਿਟੀ ਦੀ ਵੈਬਸਾਈਟ 'ਤੇ FAQ section (ਅਕਸਰ ਪੁੱਛੇ ਜਾਂਦੇ ਸਵਾਲਾਂ ਦਾ ਭਾਗ) 'ਤੇ ਜਾਓ।

**ਕਿਸਨੂੰ ਸੰਪਰਕ ਕੀਤਾ ਜਾਵੇ**

ਰੀਜਨ ਆਫ ਪੀਲ (Region of Peel) ਦੇ ਨਾਲ ਸਿਟੀ ਆਫ ਬ੍ਰੈਂਪਟਨ ਸਿਟੀ ਦੀ ਪ੍ਰਾਪਰਟੀ 'ਤੇ ਤੰਮਾਕੂਨੋਸ਼ੀ ਬਾਰੇ ਸ਼ਿਕਾਇਤਾਂ 'ਤੇ ਵਿਚਾਰ ਕਰੇਗੀ, ਜਿਵੇਂ ਮਿਉਨਿਸਿਪਲ ਬਿਲਡਿੰਗਾਂ, ਮਨਪਰਚਾਵਾ (ਰੇਕ੍ਰੀਏਸ਼ਨ) ਕੇਂਦਰ, ਟ੍ਰਾਂਜ਼ਿਟ ਸ਼ੈਲਟਰ, ਅਤੇ ਬੱਚਿਆਂ ਦੇ ਖੇਡਣ ਵਾਲੇ ਖੇਤਰਾਂ ਦੀਆਂ ਨੇੜਲੀਆਂ ਥਾਵਾਂ ਵਿੱਚ, ਪਾਰਕਾਂ ਦੇ ਅੰਦਰ ਸਮੇਤ। ਨਿਵਾਸੀ ਆਪਣੀਆਂ ਚਿੰਤਾਵਾਂ ਨੂੰ 311 'ਤੇ ਫੋਨ ਕਰਕੇ ਜਾਂ 311@brampton.ca 'ਤੇ ਈਮੇਲ ਕਰਕੇ ਰਿਪੋਰਟ ਕਰ ਸਕਦੇ ਹਨ। ਸਿਰਫ਼ ਐਮਰਜੈਂਸੀ ਦੀ ਸਥਿਤੀ ਵਿੱਚ ਹੀ 911 'ਤੇ ਫੋਨ ਕਰੋ।

ਭੰਗ ਦੇ ਨਸ਼ੇ ਵਿੱਚ ਡ੍ਰਾਈਵਿੰਗ ਕਰਨ, ਨਾਬਾਲਗਾਂ ਨੂੰ ਭੰਗ ਵੇਚਣ ਅਤੇ ਅਵੈਧ ਢੰਗ ਨਾਲ ਭੰਗ ਰੱਖਣ ਨਾਲ ਸਬੰਧਿਤ ਘਟਨਾਵਾਂ ਲਈ, ਪੀਲ ਰੀਜਨਲ ਪੁਲਿਸ (Peel Regional Police) ਨੂੰ ਸੰਪਰਕ ਕਰੋ:

- ਐਮਰਜੈਂਸੀ ਸਬੰਧੀ ਸਥਿਤੀਆਂ ਲਈ: 911

- ਗ਼ੈਰ-ਐਮਰਜੈਂਸੀ ਸਬੰਧੀ ਸਥਿਤੀਆਂ ਲਈ: 905.453.3311
- ਪੀਲ ਕ੍ਰਾਈਮ ਸਟੌਪਰਸ (Peel Crime Stoppers): 1.800.222.8477

ਭੰਗ ਬਾਰੇ ਸਿਹਤ-ਸਬੰਧੀ ਜਾਣਕਾਰੀ ਲਈ, ਪੀਲ ਪਬਲਿਕ ਹੈਲਥ (Peel Public Health) ਨੂੰ 905.799.7700 'ਤੇ ਸੰਪਰਕ ਕਰੋ ਜਾਂ Cannabis in Canada (ਕੈਨੇਡਾ ਵਿੱਚ ਭੰਗ) 'ਤੇ ਕੈਨੇਡਾ ਸਰਕਾਰ (Government of Canada) ਦੇ ਅਧਿਕਾਰਤ ਵਸੀਲੇ 'ਤੇ ਜਾਓ।

**ਭੰਗ ਦੇ ਰਿਟੇਲ ਸਟੋਰ**

ਨਵੀਂ ਸਿਟੀ ਕਾਉਂਸਿਲ (City Council) (1 ਦਸੰਬਰ, 2018 ਤੋਂ ਪ੍ਰਭਾਵੀ) ਫ਼ੈਸਲਾ ਕਰੇਗੀ ਕਿ ਬ੍ਰੈਂਪਟਨ ਵਿੱਚ ਭੰਗ ਦੇ ਰਿਟੇਲ ਸੰਸਥਾਪਨਾਂ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਾਂ ਨਹੀਂ। ਓਨਟੈਰੀਓ ਸੂਬੇ (Province of Ontario) ਨੂੰ 22 ਜਨਵਰੀ, 2019 ਤੱਕ ਇਸ ਫ਼ੈਸਲੇ ਦੀ ਲੋੜ ਹੈ। ਸਿਟੀ ਦਾ ਸਟਾਫ਼ ਇੱਕ ਸੂਚਿਤ ਫ਼ੈਸਲਾ ਲੈਣ ਵਿੱਚ ਕਾਉਂਸਿਲ ਦੀ ਮਦਦ ਕਰਨ ਲਈ, 5 ਦਸੰਬਰ, 2018 ਨੂੰ ਨਵੀਂ ਕਾਉਂਸਿਲ ਦੇ ਸਨਮੁਖ ਪੇਸ਼ ਕੀਤੇ ਜਾਣ ਲਈ, ਭੰਗ ਦੇ ਰਿਟੇਲ ਸਟੋਰਾਂ ਬਾਰੇ "ਜਾਣਕਾਰੀ ਲਈ" ਰਿਪੋਰਟ 'ਤੇ ਕੰਮ ਕਰ ਰਿਹਾ ਹੈ।

ਅਕਤੂਬਰ ਦੇ ਅੰਤ ਵਿੱਚ, ਸਿਟੀ ਇਸ ਬਾਰੇ ਨਿਵਾਸੀਆਂ ਦੀ ਰਾਏ ਪਤਾ ਕਰਨ ਲਈ ਇੱਕ ਜਨਤਕ ਮਤਦਾਨ (ਪੋਲ) ਜਾਰੀ ਕਰੇਗੀ ਕਿ ਕੀ ਬ੍ਰੈਂਪਟਨ ਭੰਗ ਦੇ ਰਿਟੇਲ ਸਟੋਰਾਂ ਨੂੰ ਸਵੀਕਾਰ ਕਰੇ/ਸਵੀਕਾਰ ਨਾ ਕਰੇ। ਮਤਦਾਨ ਦੇ ਨਤੀਜੇ ਕਾਉਂਸਿਲ ਨੂੰ ਉਹਨਾਂ ਦੇ ਸਵੀਕਾਰ ਕਰਨ/ਸਵੀਕਾਰ ਨਾ ਕਰਨ ਦੇ ਫ਼ੈਸਲੇ ਦੇ ਹਿੱਸੇ ਵਜੋਂ ਵਿਚਾਰ ਕਰਨ ਲਈ ਰਿਪੋਰਟ ਦੇ ਹਿੱਸੇ ਵਜੋਂ ਮੁਹੱਈਆ ਕੀਤੇ ਜਾਣਗੇ।

**ਨਸ਼ੇ ਵਿੱਚ ਡ੍ਰਾਈਵਿੰਗ**

ਸੜਕ ਸੁਰੱਖਿਆ ਪੀਲ ਰੀਜਨਲ ਪੁਲਿਸ ਲਈ ਪ੍ਰਮੁੱਖ ਤਰਜੀਹ ਹੈ ਅਤੇ ਅਫ਼ਸਰਾਂ ਨੂੰ ਨਸ਼ੀਲੀਆਂ ਦਵਾਈਆਂ ਦੇ ਨਸ਼ੇ ਵਿੱਚ ਹੋਣ ਵਾਲੇ ਡ੍ਰਾਈਵਰਾਂ ਦਾ ਪਤਾ ਲਗਾਉਣ ਲਈ ਸਿੱਖਿਅਤ ਕੀਤਾ ਜਾਂਦਾ ਹੈ। ਨਸ਼ੀਲੀਆਂ ਦਵਾਈਆਂ ਦੇ ਨਸ਼ੇ ਵਿੱਚ ਡ੍ਰਾਈਵਿੰਗ ਕਰਨ ਦੇ ਅਪਰਾਧ ਵਾਲੇ ਡ੍ਰਾਈਵਰਾਂ ਨੂੰ ਵੀ ਉਹੀ ਸਜ਼ਾ ਮਿਲਦੀ ਹੈ, ਜੋ ਸ਼ਰਾਬ ਦੇ ਨਸ਼ੇ ਵਿੱਚ ਹੋਣ ਵਾਲਿਆਂ ਨੂੰ ਮਿਲਦੀ ਹੈ, ਜਿਸ ਵਿੱਚ ਸ਼ਾਮਲ ਹੋ ਸਕਦਾ ਹੈ: ਤੁਰੰਤ ਲਸੰਸ ਮੁਅੱਤਲੀ (ਸਸਪੈਨਸ਼ਨ), ਵਿੱਤੀ ਜੁਰਮਾਨੇ, ਵਾਹਨ ਜ਼ਬਤੀ, ਅਪਰਾਧਿਕ ਰਿਕਾਰਡ ਅਤੇ ਜੇਲ੍ਹ ਦੀ ਸਜ਼ਾ।

ਨੌਜਵਾਨ, ਨਵੇਂ ਡ੍ਰਾਈਵਰਾਂ ਅਤੇ ਵਿਵਸਾਇਕ ਡ੍ਰਾਈਵਰਾਂ ਲਈ ਕੋਈ ਛੋਟ ਨਹੀਂ (ਜ਼ੀਰੋ ਟੌਲਰੈਂਸ) ਹੋਵੇਗੀ। ਜੇਕਰ ਤੁਸੀਂ ਵਿਵਸਾਇਕ ਡ੍ਰਾਈਵਰ ਹੋ, 22 ਸਾਲ ਤੋਂ ਘੱਟ ਉਮਰ ਦੇ ਡ੍ਰਾਈਵਰ ਹੋ ਜਾਂ ਤੁਹਾਡੇ ਕੋਲ G1, G2, M1, ਜਾਂ M2 ਲਸੰਸ ਹੈ, ਤਾਂ ਤੁਹਾਡੇ ਸਰੀਰ (ਸਿਸਟਮ) ਵਿੱਚ ਗ਼ੈਰ-ਤਜਵੀਜ਼ ਵਾਲੀ (ਨੌਨ-ਪ੍ਰਿਸਕ੍ਰਾਈਬਡ) ਭੰਗ ਦੀ ਕੋਈ ਵੀ ਮਾਤਰਾ ਹੋਣਾ ਅਵੈਧ ਹੈ।

**ਭੰਗ ਰੱਖਣਾ**

ਭੰਗ ਰੱਖਣ ਦੀਆਂ ਸੀਮਾਵਾਂ ਦੇ ਅਧੀਨ ਜਨਤਕ ਤੌਰ 'ਤੇ ਅਧਿਕਤਮ 30 ਗ੍ਰਾਮ (ਲਗਭਗ ਇੱਕ ਆਉਂਸ) ਸੁੱਕੀ ਭੰਗ ਰੱਖੀ ਜਾ ਸਕਦੀ ਹੈ। ਪ੍ਰਤੀ ਨਿਵਾਸੀ (ਪ੍ਰਤੀ ਵਿਅਕਤੀ ਨਹੀਂ) ਅਧਿਕਤਮ ਚਾਰ ਪੌਦਿਆਂ ਦੀ ਸੀਮਾ ਹੈ। ਵਾਧੂ ਜਾਣਕਾਰੀ ਪੀਲ ਰੀਜਨਲ ਪੁਲਿਸ ਦੇ Cannabis and the Law webpage (ਭੰਗ ਅਤੇ ਕਨੂੰਨ ਵੈਬ ਪੰਨਾ) 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

**ਹਵਾਲੇ**

"ਭਾਈਚਾਰੇ ਦੀ ਸੁਰੱਖਿਆ ਸਾਡੀ ਤਰਜੀਹ ਹੈ। ਇਸ ਵਿੱਚ ਭੰਗ ਦਾ ਸੇਵਨ ਕਰਨ, ਇਸਨੂੰ ਬਣਾਉਣ ਅਤੇ ਉਗਾਉਣ, ਜਨਤਕ ਥਾਵਾਂ 'ਤੇ ਭੰਗ ਦਾ ਸੇਵਨ ਕਰਨ ਦੇ ਅਮਲ ਦੇ ਸਬੰਧ ਵਿੱਚ ਅੱਗ ਤੋਂ ਸੁਰੱਖਿਆ ਸਬੰਧੀ ਚਿੰਤਾਵਾਂ ਦਾ ਪ੍ਰਚਾਰ ਕਰਨਾ ਸ਼ਾਮਲ ਹੈ। ਸਿਟੀ ਇਹ ਯਕੀਨੀ ਬਣਾਉਣ ਲਈ ਸਾਡੇ ਭਾਈਵਾਲਾਂ ਦੇ ਨਾਲ ਅਤੇ ਸੂਬਾਈ ਅਤੇ ਸੰਘੀ ਸਰਕਾਰਾਂ ਦੇ ਨਾਲ ਮਿਲ ਕੇ ਕੰਮ ਕਰਨਾ ਵੀ ਜਾਰੀ ਰੱਖੇਗੀ ਕਿ ਭਾਈਚਾਰੇ ਦੀ ਸੁਰੱਖਿਆ ਸਭ ਤੋਂ ਪਹਿਲੀ ਤਰਜੀਹ ਰਹੇ।"

- *ਮੇਅਰ ਲਿੰਡਾ ਜੈਫਰੀ (Linda Jeffrey)*

BRAMPTON Flower City brampton.ca

media release

"ਜਿਵੇਂ ਕਿ ਮਨਪਰਚਾਵਾ ਭੰਗ ਕਨੂੰਨੀ ਬਣ ਗਈ ਹੈ, ਇਸਲਈ ਸਾਨੂੰ ਇਹ ਯਕੀਨੀ ਬਣਾਉਂਦੇ ਹੋਏ ਇੱਕ ਭਾਈਚਾਰੇ ਦੇ ਤੌਰ 'ਤੇ ਨਾਲ ਮਿਲ ਕੇ ਕੰਮ ਕਰਨਾ ਪਵੇਗਾ ਕਿ ਸਾਰੇ ਗਵਾਂਢੀ ਸੁਰੱਖਿਅਤ ਹਨ ਅਤੇ ਇਹ ਹਰੇਕ ਲਈ ਅਨੰਦਦਾਇਕ ਹੋਵੇ। ਭਾਵੇਂ ਤੁਸੀਂ ਜਨਤਕ ਥਾਵਾਂ 'ਤੇ ਜਾਂ ਆਪਣੇ ਘਰ ਵਿੱਚ ਭੰਗ ਦਾ ਸੇਵਨ ਕਰੋ, ਅਸੀਂ ਬੇਨਤੀ ਕਰਦੇ ਹਾਂ ਕਿ ਨਿਵਾਸੀ ਆਪਣੀ ਸੁਰੱਖਿਆ ਅਤੇ ਸਮੁੱਚੇ ਭਾਈਚਾਰੇ ਦੀ ਸੁਰੱਖਿਆ ਦੇ ਪ੍ਰਤੀ ਸੁਚੇਤ ਰਹਿਣ।"

- *ਰੀਜਨਲ ਕਾਉਂਸਲਰ ਅਤੇ ਮੁਖੀ, ਕਮਿਉਨਿਟੀ ਸਰਵਿਸਿਜ, ਮਾਈਕਲ ਪਲੇਸ਼ੀ (Michael Palleschi)*

"ਅਜ਼ਾਦੀ ਦੇ ਨਾਲ-ਨਾਲ ਜ਼ਿੰਮੇਵਾਰੀ ਵੀ ਆਉਂਦੀ ਹੈ। ਅਸੀਂ ਬ੍ਰੈਂਪਟਨ ਵਿੱਚ ਅੱਗ ਦੀਆਂ ਘਾਤਕ ਅਤੇ ਦੁਖਾਂਤਕ ਘਟਨਾਵਾਂ ਦਾ ਅਨੁਭਵ ਕੀਤਾ ਹੈ, ਅਤੇ ਸਾਨੂੰ ਲੋੜ ਹੈ ਕਿ ਹਰ ਕੋਈ ਕਿਸੇ ਵੀ ਤਰ੍ਹਾਂ ਦੀ ਪੀਣ ਵਾਲੀ ਸਮੱਗਰੀ ਦੇ ਸੁਰੱਖਿਅਤ ਸੇਵਨ ਦੀ ਜ਼ਿੰਮੇਵਾਰੀ ਲਵੇ। ਜ਼ਿੰਦਗੀਆਂ ਨੂੰ ਇਸ ਉੱਤੇ ਨਿਰਭਰ ਨਹੀਂ ਕੀਤਾ ਜਾ ਸਕਦਾ।"

- *ਫਾਇਰ ਚੀਫ ਬਿਲ ਬੋਇਸ (Bill Boyes), ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

"ਸਾਨੂੰ ਪਤਾ ਹੈ ਕਿ ਭੰਗ ਸਬੰਧੀ ਨਵਾਂ ਕਨੂੰਨ ਲਾਗੂ ਹੋਣ ਤੋਂ ਬਾਅਦ ਇੱਕ ਸਮਾਯੋਜਨ ਮਿਆਦ ਹੋਵੇਗੀ। ਭਾਈਚਾਰੇ ਦੀ ਸੁਰੱਖਿਆ ਸਾਡੀ ਸਭ ਤੋਂ ਪਹਿਲੀ ਤਰਜੀਹ ਹੈ ਅਤੇ ਅਸੀਂ ਜਨਤਾ ਦੀ ਸੁਰੱਖਿਆ ਅਤੇ ਸਲਾਮਤੀ ਨੂੰ ਯਕੀਨੀ ਬਣਾਉਣ ਲਈ ਉਹਨਾਂ ਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕਰਨ ਲਈ ਸਾਡੇ ਭਾਈਚਾਰੇ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਾਂਗੇ।"

- *ਸੁਪਰਡੈਂਟ ਮੈਨੁਅਲ ਰੋਡ੍ਰੀਗੇਸ (Manuel Rodrigues), ਪੀਲ ਰੀਜਨਲ ਪੁਲਿਸ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca

ਸਰਜੈਂਟ ਮੈਟ ਬੇਰਟ੍ਰੈਮ (Sergeant Matt Bertram)
ਪਬਲਿਕ ਇਨਫਰਮੇਸ਼ਨ ਐਂਡ ਮੀਡੀਆ ਰਿਲੇਸ਼ਨਸ
ਪੀਲ ਰੀਜਨਲ ਪੁਲਿਸ
905-453-2121 ਐਕਸ. 4030